ਸੀ.ਰਾਉਲ, ਆਈ.ਏ.ਐਸ.,
Principal Secretary
ਪ੍ਰਮੁੱਖ ਸਕੱਤਰ
Tele. No. : 2742691(ਦ)
ਟੈਲੀਫੋਨ ਨੰ. : 2742710(ਫੈਕਸ)
e-mail:psgr@punjab.gov.in

D.O. No.2/58/2010-1ਪ੍ਰਸੁ1/
ਅੱਧ.ਸ.ਪੱ.ਨੰ. 13712-7/8

Government of Punjab
ਪੰਜਾਬ ਸਰਕਾਰ
Department of ਪ੍ਰਸ਼ਾਸਨਿਕ ਸੁਧਾਰ
ਵਿਭਾਗ

Chandigarh, the
ਚੰਡੀਗੜ੍ਹ : 17/12/2013

ਵਿਸ਼ਾ:- ਆਰ.ਟੀ.ਆਈ. ਐਕਟ-2005 ਨੂੰ ਲਾਗੂ ਕਰਨ ਲਈ ਸਹਿਯੋਗ ਦੇਣ ਸਬੰਧੀ।

******

ਮੇਰੇ ਪਿਆਰੇ ਵਿੰਨੀ,

ਜਿਵੇਂ ਕਿ ਆਪ ਨੂੰ ਜਾਣਕਾਰੀ ਹੈ ਕਿ ਰਾਜ ਵਿਚ ਆਰ.ਟੀ.ਆਈ. ਐਕਟ-2005 ਲਾਗੂ ਹੋ ਚੁੱਕਾ ਹੈ ਅਤੇ ਇਸ ਸਬੰਧ ਵਿਚ ਆਮ ਲੋਕਾਂ ਵਿਚ ਜਾਗਰੂਕਤਾ ਵੱਧ ਰਹੀ ਹੈ। ਆਰ.ਟੀ.ਆਈ. ਐਕਟ ਰਾਹੀਂ ਪ੍ਰਸ਼ਾਸਨ ਵਿਚ ਪਾਰਦਰਸ਼ਿਤਾ ਲਿਆਉਣ ਵਿਚ ਸਾਰੇ ਵਿਭਾਗਾਂ ਵਲੋਂ ਭਰਪੂਰ ਯੋਗਦਾਨ ਦਿੱਤਾ ਜਾ ਰਿਹਾ ਹੈ।

ਇਥੇ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਇਸ ਵਿਭਾਗ ਨੂੰ ਮਾਨਯੋਗ ਹਾਈ ਕੋਰਟ ਵਿਚ ਦਾਇਰ ਸਿਵਲ ਰਿੱਟ ਪਟੀਸ਼ਨ ਨੰ: 23871 ਆਫ 2011 ਸ੍ਰੀ ਅੰਸੁਲ ਜੋਏ ਬਨਾਮ ਪੰਜਾਬ ਸਟੇਟ ਅਤੇ ਹੋਰ ਵਿਚ ਲਏ ਗਏ ਫੈਸਲੇ ਅਨੁਸਾਰ ਰਾਜ ਸਰਕਾਰ ਦੇ ਸਮੂਹ ਪ੍ਰਬੰਧਕੀ ਸਕੱਤਰਾਂ ਵਲੋਂ ਇਕ ਸਰਟੀਫਿਕੇਟ ਭੇਜਿਆ ਗਿਆ ਹੈ, ਜਿਸ ਵਿਚ ਉਹਨਾਂ ਦੇ ਵਿਭਾਗਾਂ ਵਲੋਂ ਸਮੇਂ ਸਮੇਂ ਤੇ ਜਾਰੀ ਹਦਾਇਤਾਂ, ਨਿਯਮ/ ਵਿਨਿਯਮ, ਐਕਟ ਅਤੇ ਸੇਵਾ ਨਿਯਮ ਆਦਿ ਉਹਨਾਂ ਦੇ ਵਿਭਾਗਾਂ ਦੀ ਵੈਬ-ਸਾਈਟ ਤੇ ਅਪਲੋਡ ਕੀਤੇ ਜਾਣ ਬਾਰੇ ਸੂਚਿਤ ਕੀਤਾ ਗਿਆ ਹੈ।

ਆਰ.ਟੀ.ਆਈ. ਐਕਟ 2005 ਨੂੰ ਹੋਰ ਬੇਹਤਰ ਢੰਗ ਨਾਲ ਲਾਗੂ ਕਰਨ ਲਈ ਸਰਕਾਰ ਵਲੋਂ ਪ੍ਰਸ਼ਾਸਨ ਵਿਭਾਗ ਦੇ ਅਧੀਨ ਇਕ ਆਰ.ਟੀ.ਆਈ. ਸੈਲ ਦੀ ਸਥਾਪਨਾ ਕੀਤੀ ਗਈ ਹੈ। ਇਹ ਸੈਲ ਆਰ.ਟੀ.ਆਈ. ਦੇ ਉਪਬੰਧਾਂ ਨੂੰ ਸਹੀ ਢੰਗ ਨਾਲ ਲਾਗੂ ਕਰਨ ਲਈ ਬਣਾਇਆ ਗਿਆ ਹੈ।

ਮੈਂ ਆਪ ਜੀ ਦਾ ਅਤਿ ਧੰਨਵਾਦੀ ਹੋਵਾਂਗਾ ਜੇਕਰ ਆਪ ਆਪਣਾ ਨਿੱਜੀ ਧਿਆਨ ਦਿੰਦੇ ਹੋਏ ਆਰ.ਟੀ.ਆਈ. ਸੈਲ ਨਾਲ ਤਾਲਮੇਲ ਕਰਕੇ ਉਨ੍ਹਾਂ ਨੂੰ ਆਰ.ਟੀ. ਆਈ. ਐਕਟ ਨੂੰ ਹੋਰ ਵਧਿਆ ਢੰਗ ਨਾਲ ਲਾਗੂ ਕਰਨ ਵਿਚ ਹਰ ਸੰਭਵ ਸਹਿਯੋਗ ਦੇਣ ਦੀ ਖੇਚਲ ਕਰੋਗੇ।

ਆਦਰ ਸਹਿਤ,

ਹਿੱਤੂ

(ਸੀ.ਰਾਉਲ)

ਸਿਹਤ-3 ਸ਼ਾਖਾ
ਡਾਇਰੀ ਨੰ: 1571
ਮਿਤੀ 30/12/2013

ਸ੍ਰੀਮਤੀ ਵਿੰਨੀ ਮਹਾਜਨ, ਆਈ.ਏ.ਐਸ.,
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਡਾਕਟਰੀ ਸਿੱਖਿਆ ਵਿਭਾਗ।